ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ. ਏ. ਐਸ. ਨਗਰ।

( ਅਮਲਾ - 2 ਸ਼ਾਖਾ)

ਨੋਟਿਸ ਮਿਤੀ: 28-11-2018

1.0 ਵਿਦਿਅਕ ਸੈਸ਼ਨ 2018-19 ਸਮਾਪਤ ਹੋਣ ਅਤੇ ਸਲਾਨਾਂ ਪ੍ਰੀਖਿਆਵਾਂ ਵਿੱਚ ਬਹੁਤ ਘੱਟ ਸਮਾਂ ਬਚਿਆ ਹੋਣ ਕਰਕੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ 3582 ਮਾਸਟਰ ਕਾਡਰ ਅਧੀਨ ਭਰਤੀ ਜਿਹਨਾਂ ਉਮੀਦਵਾਰ ਵੱਲੋਂ ਆਪਣੇ ਨਿਜੀ ਕਾਰਨਾਂ ਕਰਕੇ ਆਪਣੇ ਨਿਯੁਕਤੀ ਸਥਾਨ ਤੇ ਹਾਜਰ ਹੋਣ ਲਈ ਹਾਜ਼ਰੀ ਸਮੇਂ ਵਿੱਚ ਵਾਧਾ ਲਿਆ ਗਿਆ ਹੈ ਜਾਂ ਸਟੇਸ਼ਨ ਚੋਣ ਅਤੇ ਨਿਯੁਕਤੀ ਪੱਤਰ ਲੈਣ ਲਈ ਵਾਧਾ ਲਿਆ ਹੈ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣਾ ਵਾਧਾ ਖਤਮ ਹੋਣ ਦੀ ਮਿਆਦ ਸਮਾਪਤ ਹੁੰਦੇ ਹੀ ਤੁਰੰਤ ਆਪਣੇ ਨਿਯੁਕਤੀ ਵਾਲੇ ਸਥਾਨ ਤੇ ਹਾਜਰ ਹੋਣਾ ਯਕੀਨੀ ਬਣਾਉਣ।

2.0 ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਪੰਜਾਬ ਰਾਜ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਕਰਮਚਾਰੀ ਆਪਣਾ ਵਾਧਾ ਖਤਮ ਹੋਣ ਤੇ ਹਾਜਰ ਹੋਣ ਲਈ ਆਉਂਦਾ ਹੈ ਤਾਂ ਉਸ ਨੂੰ ਤੁਰੰਤ ਹਾਜਰ ਕਰਵਾ ਲਿਆ ਜਾਵੇ।

3.0 ਜਿਨ੍ਹਾਂ ਉਮੀਦਵਾਰਾਂ ਨੇ ਵਾਧੇ ਲਈ ਮੁੱਖ ਦਫਤਰ ਵਿਖੇ ਆਪਣੀਆਂ ਪ੍ਰਤੀ ਬੇਨਤੀਆਂ ਦਿੱਤੀਆਂ ਹੋਈਆਂ ਹਨ, ਉਹਨਾਂ ਤੇ ਕੋਈ ਕਾਰਵਾਈ ਨਾ ਕਰਦੇ ਹੋਏ ਪ੍ਰਤੀ ਬੇਨਤੀਆਂ ਰੱਦ ਕੀਤੀਆਂ ਜਾਂਦੀਆਂ ਹਨ।

4.0 ਜਿਹਨਾਂ ਉਮੀਦਵਾਰਾਂ ਨੇ ਇਸ ਭਰਤੀ ਦੌਰਾਨ ਹਾਜਰੀ ਸਮੇਂ ਵਿੱਚ/ਸਟੇਸ਼ਨ ਚੁਨਣ ਵਿੱਚ ਵਾਧਾ ਲਿਆ ਹੈ ਤਾਂ ਇਹਨਾਂ ਸਾਰੇ ਉਮੀਦਵਾਰਾਂ ਦਾ ਵਾਧਾ (ਜਿਸ ਦਾ ਵਾਧਾ ਸਮਾਪਤ ਹੋ ਚੁੱਕਾ ਹੈ ਜਾਂ ਭਵਿੱਖ ਵਿੱਚ ਸਮਾਪਤ ਹੋਣਾ ਹੈ) ਮਿਤੀ 30.11.2018 ਤੱਕ ਹੀ ਮੰਨਿਆ ਜਾਵੇਗਾ। ਮਿਤੀ 30.11.2018 ਤੋਂ ਅਗਲੇ ਸਮੇਂ ਲਈ ਮਿਲੇ ਵਾਧੇ ਨੂੰ ਰੱਦ ਸਮਝਿਆ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ